# ਏਹੁ ਪਿਰਮੁ ਪਿਆਲਾ ਖਸਮ ਕਾ

ਗੁਰੂ ਗ੍ਰੰਥ ਸਾਹਿਬ ਵਿਚ ਸੇਖ ਫਰੀਦ ਜੀ ਦੇ ਸਿਰਲੇਖ ਹੇਠ ੧੩੦ ਸਲੋਕ ਦਰਜ ਹਨ। ਇਨ੍ਹਾਂ ਵਿਚ ੧੮ ਸਲੋਕ ਤਿੰਨ ਗੁਰੂ ਸਾਹਿਬਾਨ, ਸ੍ਰੀ ਗੁਰੂ ਨਾਨਕ ਸਾਹਿਬ, ਸ੍ਰੀ ਗੁਰੂ ਅਮਰਦਾਸ ਸਾਹਿਬ ਅਤੇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਵੀ ਸ਼ਾਮਲ ਹਨ। ਸੇਖ ਫਰੀਦ ਜੀ ਦੇ ਕੁਝ ਸਲੋਕਾਂ ਦਾ ਭਾਵ ਹੋਰ ਵਧੀਕ ਉਜਾਗਰ ਕਰਨ ਲਈ ਜਾਂ ਕੁਝ ਹੋਰ ਵਧੇਰੇ ਜਾਣਕਾਰੀ ਦੇਣ ਲਈ ਗੁਰੂ ਸਾਹਿਬਾਨ ਨੇ ਆਪਣੇ ਇਹ ਸਲੋਕ ਸ਼ਾਮਲ ਕੀਤੇ ਹਨ।

ਹੇਠਲਾ ਸਲੋਕ ਸੇਖ ਫਰੀਦ ਜੀ ਦਾ ੧੨ਵਾਂ ਸਲੋਕ ਹੈ ਅਤੇ ਪੰਨਾ ੧੩੭੮ ਤੇ ਦਰਜ ਹੈ।

**ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥**

-- ਸੇਖ ਫਰੀਦ ਜੀ ਫ਼ੁਰਮਾਣ ਕਰਦੇ ਹਨ ਕਿ ਜਿਨ੍ਹਾਂ ਮਨੁਖਾਂ ਨੇ ਕਾਲੇ ਕੇਸ ਹੁੰਦਿਆਂ, ਭਾਵ, ਜੁਆਨੀ ਦੀ ਉਮਰ ਦੌਰਾਨ ਪ੍ਰਭੂ ਪਤੀ ਦਾ ਪ੍ਰੇਮ ਤੇ ਮਿਲਾਪ ਨਹੀਂ ਮਾਣਿਆ, ਉਨ੍ਹਾਂ ਵਿਚੋਂ ਕੋਈ ਵਿਰਲਾ ਹੀ ਧੌਲੇ ਆਉਣ ਤੇ, ਭਾਵ, ਬਿਰਧ ਹੋ ਜਾਣ ਤੇ ਮਾਣ ਸਕਦਾ ਹੈ।

'ਰਾਵਿਆ' ਦਾ ਸ਼ਾਬਦਿਕ ਅਰਥ ਹੈ ਪਤੀ ਪਤਨੀ ਦਾ ਪ੍ਰੇਮ ਮਾਣਨਾ, ਮਿਲਾਪ ਹੋਣਾ। ਗੁਰਬਾਣੀ ਵਿਚ ਇਹ ਸ਼ਬਦ ਪ੍ਰਭੂ/ਗੁਰੂ ਮਿਲਾਪ ਲਈ ਕਈ ਵਾਰ ਵਰਤਿਆ ਗਿਆ ਹੈ। ਵੈਸੇ ਸੇਖ ਫਰੀਦ ਜੀ ਦੇ ਹਵਾਲੇ ਨਾਲ ਉਨ੍ਹਾਂ ਦੇ ਦਰਜ ਕੀਤੇ ਸਲੋਕਾਂ ਵਿਚ ਹੀ ਸ੍ਰੀ ਗੁਰੂ ਅਰਜਨ ਸਾਹਿਬ ਨੇ, 'ਮਹਲਾ ੫' ਦੇ ਸਿਰਲੇਖ ਹੇਠ ਇਹ ਪ੍ਰੇਮ ਮਾਣਨ ਲਈ, ਜੁਆਨੀ ਦੀ ਉਮਰ ਵਿਚ ਹੀ ਨਾਮ ਜਪ ਲੈਣ ਨੂੰ ਤਰਜੀਹ ਦਿਤੀ ਹੈ ਕਿਉਂਕਿ ਜੁਆਨੀ ਦੀ ਉਮਰ ਨੂੰ ਸੁਹਾਵਣਾ ਮੰਨਿਆਂ ਗਿਆ ਹੈ ਜਦੋਂ ਸਰੀਰ ਰਿਸ਼ਟ-ਪੁਸ਼ਟ ਹੁੰਦਾ ਹੈ, ਭਾਵੇਂ ਇਹ ਨਾਮ ਪਦਾਰਥ ਪ੍ਰਾਪਤ ਕੋਈ ਵਿਰਲਾ ਹੀ ਕਰਦਾ ਹੈ ਜਿਸ ਨੂੰ ਪ੍ਰਭੂ ਪਿਆਰੇ ਨਾਲ ਪ੍ਰੇਮ ਹੁੰਦਾ ਹੈ - 'ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ॥ ਵਿਰਲੇ ਕੇਈ ਪਾਈਅਨਿ ਜਿੰਨ੍ਾ ਪਿਆਰੇ ਨੇਹ॥', ਪੰਨਾ ੧੩੮੨.

**ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ॥੧੨॥**

-- ਫਰੀਦ ਜੀ ਉਪਦੇਸ਼ ਦਿੰਦੇ ਹਨ ਕਿ ਉਸ ਮਾਲਕ ਪ੍ਰਭੂ ਨਾਲ ਪ੍ਰੇਮ ਕਰੇਂ ਤਾਂ ਤੇਰੇ ਉਪਰ ਉਸ ਦੇ ਪ੍ਰੇਮ ਦਾ ਅਨੂਠਾ ਰੰਗ ਚੜ੍ਹ ਜਾਵੇ।੧੨।

ਸ੍ਰੀ ਗੁਰੂ ਰਾਮਦਾਸ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਜੋ ਹਰੀ ਪ੍ਰਭੂ ਨਾਲ ਪ੍ਰੇਮ ਪਾ ਲੈਂਦੇ ਹਨ ਪ੍ਰਭੂ ਉਨ੍ਹਾਂ ਦੇ ਹਿਰਦੇ ਵਿਚ ਵਸਦਾ ਹੈ ਅਤੇ ਉਹ ਪਿਆਰੇ ਪ੍ਰਭੂ ਦਾ ਨਾਮ ਜਪ ਜਪ ਕੇ ਜੀਉਂਦੇ ਹਨ ਅਤੇ ਹਰ ਵਕਤ ਉਸ ਨੂੰ ਯਾਦ ਕਰਦੇ ਰਹਿੰਦੇ ਹਨ - 'ਜਿਨਾ ਹਰਿ ਸੇਤੀ ਪਿਰਹੜੀ ਤਿਨਾ ਜੀਅ ਪ੍ਰਭ ਨਾਲੇ॥ ਓਇ ਜਪਿ ਜਪਿ ਪਿਆਰਾ ਜੀਵਦੇ ਹਰਿ ਨਾਮੁ ਸਮਾਲੇ॥', ਪੰਨਾ ੭੨੫. ਅਗੋਂ, ਪੰਨਾ ੭੫੯ ਤੇ ਬਚਨ ਕਰਦੇ ਹਨ ਕਿ ਮੇਰੀ ਮੇਰੇ ਸਤਿਗੁਰੂ ਨਾਲ ਪ੍ਰੀਤ ਹੈ ਮੈਂ ਉਸ ਤੋਂ ਬਿਨਾਂ ਕਿਵੇਂ ਰਹਿ ਸਕਦਾ ਹਾਂ - 'ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ॥' ਸ੍ਰੀ ਗੁਰੂ ਅਰਜਨ ਦੇਵ ਸਾਹਿਬ ਵੀ ਫ਼ੁਰਮਾਣ ਕਰਦੇ ਹਨ ਕਿ ਉਹੀ ਮਨੁਖ ਧੰਨ ਹਨ ਜੋ ਸਚੇ ਗੁਰੂ/ਪ੍ਰਭੂ ਨਾਲ ਪ੍ਰੇਮ ਕਰਦੇ ਹਨ - 'ਨਾਨਕ ਸੇਈ ਧੰਨੁ ਜਿਨਾ ਪਿਰਹੜੀ ਸਚ ਸਿਉ॥', ਪੰਨਾ ੭੦੯. ਪੰਜਵੇਂ ਪਾਤਸ਼ਾਹ ਸੇਖ ਫਰੀਦ ਜੀ ਦੇ ਇਸ ਖਿਆਲ ਦੀ ਪ੍ਰੋੜਤਾ

ਕਰਦੇ ਹਨ ਕਿ ਪਰਮਾਤਮਾ ਨਾਲ ਪਿਆਰ ਪਾਉਣ ਦੀ ਸਹੀ ਉਮਰ ਜੁਆਨੀ ਹੀ ਹੁੰਦੀ ਹੈ ਜਦੋਂ ਮਨੁਖ ਕੋਲ ਸੁੰਦਰ ਦੇਹੀ ਹੁੰਦੀ ਹੈ, ਭਾਵੇਂ ਇਹ ਕੰਮ ਕਰਦਾ ਕੋਈ ਵਿਰਲਾ ਹੀ ਹੈ - 'ਮ: ੫ ॥ ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ॥ ਵਿਰਲੇ ਕੇਈ ਪਾਈਅਨ੍ਹਿ ਜਿਨ੍ਹਾ ਪਿਆਰੇ ਨੇਹ॥', ਪੰਨਾ ੯੬੬. ਇਹੀ ਸਲੋਕ ਪੰਨਾ ੧੩੮੨ ਤੇ ਦੁਬਾਰਾ ਵੀ ਅੰਕਤ ਹੈ।

**ਮ: ੩ ॥**

-- ਸੇਖ ਫਰੀਦ ਜੀ ਦੇ ਇਸ ਸਲੋਕ ਨਾਲ ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਹੇਠਲਾ ਸਲੋਕ ਦਰਜ ਹੈ ਜੋ ਫਰੀਦ ਜੀ ਦੇ ਸਲੋਕ ਦੀ ਪ੍ਰੋੜ੍ਹਤਾ ਕਰਦਿਆਂ ਵਾਹਿਗੁਰੂ ਦੀ ਲੀਲਾ ਬਾਰੇ ਬਿਆਨ ਵਿਚ ਵਾਧਾ ਕਰਦਾ ਹੈ।

**ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ॥**

-- ਹੇ ਫਰੀਦ ਜੀ, ਜਦੋਂ ਵੀ ਕੋਈ ਪ੍ਰਭੂ ਨਾਲ **ਪ੍ਰੇਮ ਕਰੇ**, ਉਸ ਨੂੰ ਚੇਤੇ ਕਰੇ, ਧਿਆਏ, ਸਿਮਰਨ ਕਰੇ, ਉਹ ਸਦਾ ਨਾਲ ਹੈ, ਭਾਵ, ਮਿਲ ਸਕਦਾ ਹੈ, ਉਮਰ ਭਾਵੇਂ ਜੁਆਨੀ ਦੀ ਹੋਵੇ ਜਾਂ ਬਜ਼ੁਰਗੀ ਦੀ। ਸਾਡੇ ਸਾਹਮਣੇ ਸ੍ਰੀ ਗੁਰੂ ਅਮਰਦਾਸ ਸਾਹਿਬ ਦੀ ਬਹੁਤ ਵਡੀ ਮਿਸਾਲ ਹੈ ਜਿਨ੍ਹਾਂ ਨੇ ਵਡੇਰੀ ਉਮਰ ਵਿਚ ਹੀ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਦੀ ਸੇਵਾ ਤੇ ਸਿਮਰਨ ਦੀ ਕਮਾਈ ਨਾਲ ਗੁਰ-ਗਦੀ ਦੀ ਪ੍ਰਾਪਤੀ ਕੀਤੀ। ਦੂਜੇ ਪਾਸੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਸਿਰਫ਼ ਪੰਜ ਸਾਲਾਂ ਦੀ ਉਮਰ ਵਿਚ ਗਦੀ ਤੇ ਬਿਰਾਜਮਾਨ ਹੋਏ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਾਹਿਬਜ਼ਾਦੇ, ਬਾਬਾ ਅਟਲ ਰਾਇ ਜੀ ਵੀ ਬਹੁਤ ਛੋਟੀ ਉਮਰ ਤੋਂ ਹੀ ਬੜੀ ਉਚੀ ਅਧਿਆਤਮਕ ਅਵੱਸਥਾ ਦੇ ਮਾਲਕ ਸਨ।

**ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥**

-- ਪਰ ਇਹ ਗਲ ਵੀ ਨਾਲ ਹੈ ਕਿ ਪ੍ਰਭੂ ਪ੍ਰੇਮ ਨੂੰ ਭਾਵੇਂ ਸਾਰੇ ਹੀ ਭਗਤੀ ਕਰਨ ਵਾਲੇ ਤਰਸਦੇ ਹੋਣ, ਇਹ ਪ੍ਰੇਮ ਨਿਰੀ ਆਪਣੀ ਮਿਹਨਤ ਕੀਤਿਆਂ ਨਹੀਂ ਲਗਦਾ।

ਸ੍ਰੀ ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਜੋ ਜੀਵ ਇਸਤਰੀ ਜਗਤ ਦੀ ਮੋਹ-ਮਾਇਆ ਵਿਚ ਹੀ ਮਸਤ ਰਹਿੰਦੀ ਹੈ, ਉਹ ਸਿਰਫ਼ ਪ੍ਰਭੂ ਦਾ ਪਿਆਰ ਮਿਲ ਜਾਣ ਤੇ ਹੀ ਮੋਹ-ਮਾਇਆ ਤੋਂ ਸੁਚੇਤ ਹੋ ਸਕਦੀ ਹੈ। ਨੌਜੁਆਨ, ਕਚੀ, ਬਾਲੜੀ ਉਮਰ ਵਾਲੀ ਜੀਵ ਇਸਤਰੀ ਜੇ ਗੁਰੂ ਦੇ ਦਿਤੇ ਮੰਤਰ ਦੇ ਲੜ ਲਗ ਜਾਏ, ਜਪ ਲਏ ਤਾਂ ਉਹ ਆਪਣੇ ਪਿਰ-ਪਤੀ ਪ੍ਰਭੂ ਨੂੰ ਪਿਆਰੀ ਲਗ ਜਾਂਦੀ ਹੈ - 'ਨਿਜ ਘਰਿ ਸੂਤੜੀਏ ਪਿਰਮੁ ਜਗਾਏ ਰਾਮ॥ ਨਵ ਹਾਣਿ ਨਵ ਧਨ ਸਬਦਿ ਜਾਗੀ ਆਪਣੇ ਪਿਰ ਭਾਣੀਆ॥', ਪੰਨਾ ੮੪੪.

**ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥੧੩॥**

-- ਇਹ ਪ੍ਰੇਮ ਦਾ ਪਿਆਲਾ ਤਾਂ ਵਾਹਗੁਰੂ ਮਾਲਕ ਦੀ ਦਾਤ ਹੈ, ਜਿਹੜਾ ਉਸ ਨੂੰ ਭਾਅ ਜਾਂਦਾ ਹੈ, ਉਸ ਨੂੰ ਦਿੰਦਾ ਹੈ।

ਆਦਿ ਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਬਚਨ ਕਰਦੇ ਹਨ ਕਿ ਪ੍ਰਭੂ ਆਪ ਹੀ ਸਭ ਦੀਆਂ ਲੋੜਾਂ ਜਾਣਦਾ ਹੈ ਤੇ ਖੁਦ ਹੀ ਦਾਤਾਂ ਵੰਡਦਾ ਹੈ। ਕਈ ਵਿਰਲੇ ਇਸ ਸਚਿਆਈ ਨੂੰ ਸਮਝਦੇ ਵੀ ਹਨ ਕਿ ਜਿਸ ਨੂੰ ਪ੍ਰਭੂ ਆਪ ਆਪਣੀ ਸਿਫ਼ਤ-ਸਲਾਹ, ਸਿਮਰਨ, ਨਾਮ ਦੀ ਦਾਤ ਬਖਸ਼ਦਾ ਹੈ

ਉਹ ਪਾਤਸ਼ਾਹਾਂ ਦਾ ਪਾਤਸ਼ਾਹ ਬਣ ਜਾਂਦਾ ਹੈ - 'ਆਪੇ ਜਾਣੈ ਆਪੇ ਦੇਇ॥ ਆਖਹਿ ਸਿ ਭਿ ਕੇਈ ਕੇਇ॥ ਜਿਸ ਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥', ਪੰਨਾ ੫.

ਹੋਰ ਬਚਨ ਕਰਦੇ ਹਨ ਕਿ ਉਸ ਦੇਣਹਾਰੇ ਦਾਤੇ ਦੇ ਹਥ ਵਿਚ ਹਰ ਤਰ੍ਹਾਂ ਦੇ ਦਾਨ ਹਨ, ਉਸ ਦੀ ਮਰਜ਼ੀ ਹੈ ਉਹ ਦਏ ਜਾਂ ਨਾ ਦਏ। ਜੋ ਜੀਅ ਉਸ ਦਾ ਪੈਦਾ ਕੀਤਾ ਹੋਇਆ ਹੈ ਉਸ ਦੇ ਆਖਣ ਨਾਲ ਕੀ ਹੋ ਸਕਦਾ ਹੈ ! ਭਾਵ, ਕਰਤਾ ਦੀ ਹੀ ਮਰਜ਼ੀ ਚਲਦੀ ਹੈ ਕਿਸ ਨੂੰ ਕੀ ਦਾਤ ਦੇਣੀ ਹੈ, ਕੀਤੇ ਹੋਏ ਦੀ ਮਰਜ਼ੀ ਨਹੀਂ ਚਲਦੀ - 'ਦੇਵਣਹਾਰੇ ਕੈ ਹਥਿ ਦਾਨੁ॥ ਭਾਵੈ ਦੇਇ ਨ ਦੇਈ ਸੋਇ॥ ਕੀਤੇ ਕੈ ਕਹਿਐ ਕਿਆ ਹੋਇ॥', ਪੰਨਾ ੨੫. ਹੋਰ ਸਪੱਸ਼ਟ ਕਰਦੇ ਹਨ ਕਿ ਹਰ ਇਕ ਨੂੰ ਉਸ ਦੀ ਧੁਰ ਤੋਂ ਲਿਖੀ ਹੋਈ ਪ੍ਰਾਲਭਧ ਅਨੁਸਾਰ ਹੀ ਪ੍ਰਭੂ ਪ੍ਰਤੀ ਭਾਵਨਾ ਦਾ ਫੁਲ ਤੇ ਫਲ ਮਿਲਦਾ ਹੈ - 'ਫੁਲੁ ਭਾਉ ਫਲੁ ਲਿਖਿਆ ਪਾਇ॥', ਪੰਨਾ ੨੫. ਸ੍ਰੀ ਗੁਰੂ ਅਰਜਨ ਦੇਵ ਸਾਹਿਬ ਵੀ ਬਚਨ ਕਰਦੇ ਹਨ ਕਿ ਸਭ ਵਡਿਆਈਆਂ ਕਰਤੇ ਪ੍ਰਭੂ ਦੇ ਹਥ ਵਿਚ ਹੀ ਹਨ, ਉਹ ਧੁਰ ਤੋਂ ਲਿਖੇ ਅਨੁਸਾਰ ਹੀ ਵੰਡਦਾ ਰਹਿੰਦਾ ਹੈ - 'ਕਰਤੇ ਹਥਿ ਵਡਿਆਈਆ ਪੂਰਬਿ ਲਿਖਿਆ ਪਾਇ॥', ਅੰਕ ੫੨. ਤੀਜੇ ਪਾਤਸ਼ਾਹ ਬਚਨ ਕਰਦੇ ਹਨ ਕਿ ਪਰਮਾਤਮਾ ਦੇ ਕਿਰਪਾ ਕਰਨ ਤੇ ਗੁਰੂ ਦੀ ਪ੍ਰਾਪਤੀ ਹੁੰਦੀ ਹੈ ਅਤੇ ਉਹ ਫ਼ਿਰ ਪ੍ਰਭੂ ਦਾ ਨਾਮ ਸਾਨੂੰ ਦ੍ਰਿੜ ਕਰਾ ਦਿੰਦਾ ਹੈ। ਇਹ ਦਾਤ ਗੁਰੂ ਤੋਂ ਬਿਨਾਂ ਕਿਸੇ ਨੇ ਨਹੀਂ ਪ੍ਰਾਪਤ ਕੀਤੀ, ਵਰਨਾ ਤਾਂ ਜਨਮ ਨਿਸ਼ਫ਼ਲ ਹੀ ਚਲਾ ਜਾਂਦਾ ਹੈ - 'ਕਿਰਪਾ ਕਰੇ ਗੁਰੁ ਪਾਈਐ ਹਰਿ ਨਾਮੋ ਦੇਇ ਦ੍ਰਿੜਾਇ॥ ਬਿਨੁ ਗੁਰ ਕਿਨੈ ਨ ਪਾਇਓ ਬਿਰਥਾ ਜਨਮੁ ਗਵਾਇ॥', ਪੰਨਾ ੩੩.

ਸਤਿਗੁਰੂ ਨਾਨਕ ਪਾਤਸ਼ਾਹ ਹੋਰ ਫ਼ੁਰਮਾਣ ਕਰਦੇ ਹਨ ਕਿ ਫ਼ਿਰ ਜਦੋਂ ਉਹ ਦੇਣ ਤੇ ਆਉਂਦਾ ਹੈ ਤਾਂ ਇਹ ਵੀ ਨਹੀਂ ਵੇਖਦਾ ਕਿ ਲੈਣ ਵਾਲਾ ਜਾਗਦਾ ਹੈ ਕਿ ਸੁਤਾ। ਜਾਗਦੇ ਵੀ ਰਹਿ ਜਾਂਦੇ ਹਨ, ਜਿਸ ਤੇ ਮਿਹਰ ਕਰਨੀ ਹੋਵੇ, ਉਸ ਨੂੰ ਸੁਤਿਆਂ ਨੂੰ ਹੀ ਉਠਾ ਕੇ ਦੇ ਦਿੰਦਾ ਹੈ। ਸਾਰੀਆਂ ਬਖਸ਼ਿਸ਼ਾਂ ਦਾ ਮਾਲਕ ਉਹ ਆਪ ਹੈ, ਉਸ ਨਾਲ ਕਿਸੇ ਕਿਸਮ ਦਾ ਜ਼ੋਰ ਨਹੀਂ ਚਲ ਸਕਦਾ - 'ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲ॥ ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ॥', ਪੰਨਾ ੮੩.

ਭਗਤ ਕਬੀਰ ਜੀ ਭਗਤੀ ਕਰਨ ਵਾਲੇ ਦਾ ਵਲਵਲਾ ਬਿਆਨ ਕਰਦੇ ਹਨ ਕਿ ਕੋਈ ਮਨੁਖ ਬੰਦਗੀ ਕਰਨ ਵਿਚ ਇਤਨੀ ਕਰੜੀ ਮੁਸ਼ੱਕਤ, ਘਾਲਣਾ ਘਾਲਦਾ ਹੈ ਜਿਵੇਂ ਮਹਿੰਦੀ ਵਿਚੋਂ ਰੰਗ ਪੈਦਾ ਕਰਨ ਲਈ ਉਸ ਨੂੰ ਪੂਰੀ ਤਰ੍ਹਾਂ ਪੀਸ ਕੇ ਹਥਾਂ ਤੇ ਰੰਗ ਚੜ੍ਹਾਇਆ ਜਾਂਦਾ ਹੈ ਤਾਂ ਕਿ ਪਤੀ ਨੂੰ ਭਾਅ ਜਾਏ। ਪਰ ਫਿਰ ਵੀ ਮਾਲਕ ਪਤੀ ਪ੍ਰਭੂ ਨੇ ਬਾਤ ਹੀ ਨਹੀਂ ਪੁਛੀ ਤੇ ਆਪਣੇ ਚਰਨੀਂ ਨਾ ਲਾਇਆ - 'ਕਬੀਰ ਮਹਿਦੀ ਕਰਿ ਕੈ ਘਾਲਿਆ ਆਪੁ ਪੀਸਾਇ ਪੀਸਾਇ॥ ਤੈ ਸਹ ਬਾਤ ਨ ਪੁਛੀਆ ਕਬਹੂ ਨ ਲਾਈ ਪਾਇ॥', ਪੰਨਾ ੯੪੭. ਪਰ ਤੀਜੇ ਪਾਤਸ਼ਾਹ ਇਸ ਗਲ ਨੂੰ ਸਪੱਸ਼ਟ ਕਰਦੇ ਹਨ ਕਿ ਉਸ ਪਤੀ ਪ੍ਰਭੂ ਨੇ ਤਰਸ ਕੀਤਾ, ਮਿਹਰ ਕੀਤੀ ਹੈ ਤਾਂ ਹੀ ਭਗਤੀ ਕਰਨ ਵਾਲਾ ਇਤਨੀ ਮਿਹਨਤ ਕਰ ਸਕਿਆ ਹੈ ਕਿ ਉਹ ਮਹਿੰਦੀ ਬਣ ਸਕਿਆ। ਆਪ ਹੀ ਉਹ ਮੁਸ਼ੱਕਤ ਮਿਹਨਤ ਕਰਣ ਵਾਲਾ ਹੈ ਆਪ ਹੀ ਘਾਲਣਾ ਘਾਲਣ ਵਾਲਾ ਹੈ, ਆਪੇ ਹੀ ਆਪਣੇ ਵਲ ਮਿਹਨਤ ਕਰਨ ਤੇ ਲਾਂਦਾ ਹੈ। ਇਹ ਪ੍ਰੇਮ ਦਾ ਪਿਆਲਾ ਤਾਂ ਪਤੀ ਖਸਮ ਪ੍ਰਭੂ ਦਾ ਹੈ, ਜਿਹੜਾ ਉਸ ਨੂੰ ਭਾਉਂਦਾ ਹੈ, ਉਸੇ ਨੂੰ ਦਿੰਦਾ ਹੈ - 'ਨਾਨਕ ਮਹਿਦੀ ਕਰਿ ਕੈ

ਰਖਿਆ ਸੋ ਸਹੁ ਨਦਰਿ ਕਰੇਇ॥ ਆਪੇ ਪੀਸੈ ਆਪੇ ਘਸੈ ਆਪੇ ਹੀ ਲਾਇ ਲਏਇ॥ ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥', ਪੰਨਾ ੯੪੭. ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਉਹ ਪ੍ਰਭੂ ਆਪ ਹੀ ਜੀਵ ਤੇ ਮਿਹਰ ਕਰਦਾ ਹੈ, ਆਪ ਹੀ ਗੁਣਾਂ ਨਾਲ ਸਜਾਂਦਾ ਹੈ, ਆਪ ਹੀ ਆਪਣੇ ਰੰਗ ਵਿਚ ਰੰਗ ਦਿੰਦਾ ਹੈ, ਜੋ ਜੀਵ ਇਸਤਰੀ ਉਸ ਕੰਤ ਪਤੀ ਪ੍ਰਭੂ ਨੂੰ ਭਾਅ ਜਾਂਦੀ ਹੈ ਉਸ ਨਾਲ ਮਿਲਾਪ ਕਰ ਲੈਂਦਾ ਹੈ - 'ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ॥ ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ॥', ਪੰਨਾ ੭੨੨. ਉਸ ਨੂੰ ਧਿਆਉਣ ਵਾਲੇ ਤਾਂ ਬਹੁਤ ਹਨ ਪਰ ਉਨ੍ਹਾਂ ਦੀ ਘਾਲਣਾ ਥਾਇੰ ਪੈਂਦੀ ਹੈ ਜਿਨ੍ਹਾਂ ਨੂੰ ਉਹ ਸਾਹਿਬ ਮਾਲਕ ਆਪਣਾ ਬਣਾਉਣਾ ਲੋੜਦਾ ਹੈ - 'ਤੁਧੁ ਨੋ ਸਭ ਧਿਆਇਦੀ ਸੇ ਥਾਇ ਪਏ ਜੋ ਸਾਹਿਬ ਲੋੜੇ॥', ਪੰਨਾ ੩੦੯. ਜਦੋਂ ਉਹ ਆਪਣਾ ਬਣਾਉਣ ਤੇ ਆ ਜਾਏ ਤਾਂ ਗੁਣ ਅਉਗੁਣ ਵੀ ਨਹੀਂ ਵੇਖਦਾ, ਪੰਜਵੇਂ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਉਸ ਠਾਕੁਰ, ਮਾਲਕ ਨੇ ਮੇਰੇ ਗੁਣ ਅਉਗੁਣ ਵੇਖੇ ਬਿਨਾਂ ਮੈਨੂੰ ਬਾਹੋਂ ਫੜ ਕੇ ਖਿਚ ਕੇ ਆਪਣਾ ਬਣਾ ਲਿਆ - 'ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗਣ ਨ ਪਛਾਣੇ॥', ਪੰਨਾ ੭੦੪.

ਸ੍ਰੀ ਗੁਰੂ ਨਾਨਕ ਸਾਹਿਬ ਦੇ ਵਾਕ ਹਨ ਕਿ ਕਈ ਆਪਣੇ ਆਪ ਵਿਚ ਬੜੇ ਚੰਗੇ ਤੇ ਉਚੇ ਆਚਰਣ ਵਾਲੇ ਬਣੇ ਫ਼ਿਰਦੇ ਹੁੰਦੇ ਹਨ ਪਰ ਪ੍ਰਭੂ ਨੂੰ ਉਨ੍ਹਾਂ ਦਾ ਇਕ ਵੀ ਗੁਣ ਨਹੀਂ ਭਾਉਂਦਾ - 'ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ॥', ਪੰਨਾ ੫੫੮. ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਭਗਤੀ ਕਰਨ ਵਾਲੇ ਵਲੋਂ ਵਾਕ ਹਨ ਕਿ ਮੈਂ ਪਤੀ ਪ੍ਰਭੂ ਨੂੰ ਮਿਲਣ ਲਈ ਕਈ ਵੇਸ ਕੀਤੇ, ਜਤਨ ਕੀਤੇ ਤਾਂ ਕਿ ਮੈਂ ਉਸ ਨੂੰ ਭਾਅ ਜਾਵਾਂ ਪਰ ਉਹ ਮੇਰਾ ਪ੍ਰੀਤਮ ਤਾਂ ਮੇਰੇ ਵਲ ਝਾਤੀ ਵੀ ਨਹੀਂ ਮਾਰਦਾ, ਮੈਨੂੰ ਕਿਵੇਂ ਧੀਰਜ ਮਿਲੇ। ਜਿਸ ਦੇ ਕਾਰਣ ਮੈਂ ਗੁਣਾਂ ਦਾ ਸ਼ਿੰਗਾਰ ਕੀਤਾ ਉਹ ਤਾਂ ਹੋਰਨਾਂ ਨੂੰ ਪਸੰਦ ਕਰਦਾ ਹੈ - 'ਹਉ ਸਭਿ ਵੇਸ ਕਰੀ ਪਿਰ ਕਾਰਣਿ ਜੇ ਹਰਿ ਪ੍ਰਭ ਸਾਚੇ ਭਾਵਾ॥ ਸੋ ਪਿਰੁ ਪਿਆਰਾ ਮੈ ਨਦਰਿ ਨ ਦੇਖੈ ਹਉ ਕਿਉ ਕਰਿ ਧੀਰਜੁ ਪਾਵਾ॥ ਜਿਸੁ ਕਾਰਣਿ ਹਉ ਸੀਗਾਰੁ ਸੀਗਾਰੀ ਸੋ ਪਿਰੁ ਰਤਾ ਮੇਰਾ ਅਵਰਾ॥', ਪੰਨਾ ੫੬੧.

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਫ਼ੁਰਮਾਣ ਹੈ ਕਿ ਉਹੀ ਸੰਤ ਹੋ ਨਿਬੜਦਾ ਹੈ ਜੋ ਰਾਮ ਪ੍ਰਭੂ ਨੂੰ ਭਾਅ ਗਿਆ - 'ਸੋਈ ਸੰਤੁ ਜਿ ਭਾਵੈ ਰਾਮ॥', ਪੰਨਾ ੮੬੭.

ਇਹ ਤਾਂ ਠੀਕ ਹੈ ਕਿ ਸਿਮਰਨ ਤੇ ਪ੍ਰਾਪਤੀ ਗੁਰੂ/ਪ੍ਰਭੂ ਦੀ ਕਿਰਪਾ ਨਾਲ ਹੀ ਹੋਣੀ ਹੈ ਪਰ ਇਹ ਗਲ ਵੀ ਪਕੀ ਹੈ ਕਿ ਸਿਮਰਨ ਵਿਚ ਵੀ ਦਿਨ ਰਾਤ ਇਕ ਕਰਨੇ ਪੈਂਦੇ ਹਨ, ਕਰੜੀ ਮਿਹਨਤ, ਮੁਸ਼ੱਕਤ, ਘਾਲਣਾ ਕਰਨੀ ਪੈਂਦੀ ਹੈ ਜਿਵੇਂ ਮਹਿੰਦੀ ਵਿਚੋਂ ਰੰਗ ਪ੍ਰਾਪਤ ਕਰਨ ਲਈ ਉਸ ਨੂੰ ਪੂਰੀ ਤਰ੍ਹਾਂ ਪੀਸਣਾ ਪੈਂਦਾ ਹੈ। ਉਸ ਨੂੰ ਭਾਅ ਜਾਣਾ ਉਸ ਦੀ ਮਰਜ਼ੀ ਤੇ ਹੈ।

